# ਸਫਰੀ ਭੱਤਾ

1. ਪੈਨਸ਼ਨਰਾਂ ਨੂੰ ਸਫਰੀ ਭੱਤੇ ਦੀ ਸਹੂਲਤ ਪਹਿਲੀ ਵਾਰ ਪੰਜਾਬ ਸਰਕਾਰ ਦੇ 1.1.89 ਤੋਂ ਪੱਤਰ ਨੰ. 1/15/89/ਆਈ.ਐਫ.ਪੀ.III/8078 ਮਿਤੀ 31.8.89 ਅਨੁਸਾਰ ਦਿੱਤੀ ਗਈ ਹੈ।
2. ਹਰ ਪੈਨਸ਼ਨਰ ਨੂੰ ਹਰ ਦੋ ਸਾਲ ਬਾਅਦ ਇੱਕ ਮਹੀਨੇ ਦੀ ਮੁੱਢਲੀ ਮਨਜੂਰ ਪੈਨਸ਼ਨ ਦੇ ਬਰਾਬਰ ਸਫਰੀ ਭੱਤਾ ਮਿਲਦਾ ਹੈ।
3. ਪਰਿਵਾਰਕ ਪੈਨਸ਼ਨਰਾਂ ਨੂੰ ਸਫਰੀ ਭੱਤੇ ਦੀ ਸਹੂਲਤ ਪ੍ਰਾਪਤ ਨਹੀਂ ਹੈ।
4. ਪਤੀ/ਪਤਨੀ ਦੋਨੋ ਪੈਨਸ਼ਨਰ ਹੋਣ ਦੀ ਸੂਰਤ ਵਿੱਚ ਕੇਵਲ ਇੱਕ ਪੈਨਸ਼ਨਰ ਨੂੰ ਸਫਰੀ ਭੱਤਾ ਮਿਲੇਗਾ ਜਿਸਨੂੰ ਵੱਧ ਰਕਮ ਮਿਲਣਯੋਗ ਹੋਵੇਗੀ। (ਪੱਤਰ ਨੰ. 1/43/93/ਆਈ.ਐਫ.ਪੀ.III/9029 ਮਿਤੀ 28.12.94)
5. ਸਫਰੀ ਭੱਤਾ ਦੇਣ ਲਈ ਬੁੱਢਾਪਾ ਅਲਾਂਊਸ ਅਤੇ 1.4.2004 ਤੋਂ 50% ਬਣੀ ਮਹਿੰਗਾਈ ਪੈਨਸ਼ਨ ਮੁੱਢਲੀ ਤਨਖਾਹ ਵਿੱਚ ਸ਼ਾਮਿਲ ਨਹੀਂ ਕੀਤੀ ਜਾਂਦੀ ।
6. ਦੋ ਸਾਲਾ ਬਲਾਕ ਗਿਨਣ ਲਈ ਸੇਵਾ ਮੁਕਤੀ ਵਾਲਾ ਸਾਲ ਨਹੀਂ ਗਿਣਿਆਂ ਜਾਂਦਾ ਸੀ। ਸਗੋਂ ਸੇਵਾ ਮੁਕਤੀ ਵਾਲੇ ਸਾਲ ਤੋਂ ਅੱਗੇ ਪਹਿਲੀ ਜਨਵਰੀ ਤੋਂ ਅਗਲੇ ਸਾਲ 31 ਦਸੰਬਰ ਤੱਕ ਦੋ ਸਾਲਾ ਬਲਾਕ ਮੰਨਿਆ ਜਾਂਦਾ ਹੈ ਅਤੇ ਉਸ ਤੋਂ ਅਗਲੇ ਸਾਲ ਪਹਿਲੀ ਜਨਵਰੀ ਵਿੱਚ ਸਫਰੀ ਭੱਤਾ ਮਿਲਦਾ ਸੀ।
7. ਪੰਜਾਬ ਸਰਕਾਰ ਦੇ ਪੱਤਰ ਨੰ. 1/4/2000/ਆਈ.ਐਫ.ਪੀ.III/7599 ਮਿਤੀ 12.7.2000 ਅਨੁਸਾਰ ਦੋ ਸਾਲਾ ਬਲਾਕ ਬਨਾਉਣ ਲਈ ਸੋਧ ਕਰ ਦਿੱਤੀ ਗਈ । ਜਿਸ ਅਨੁਸਾਰ ਜਨਵਰੀ ਤੋਂ ਜੂਨ ਤੱਕ ਸੇਵਾ ਮੁਕਤੀ ਵਾਲਿਆਂ ਦਾ ਦੋ ਸਾਲਾ ਬਲਾਕ ਜੁਲਾਈ ਤੋਂ ਆਰੰਭ ਕਰ ਦਿੱਤਾ ਗਿਆ ਅਤੇ ਜੁਲਾਈ ਤੋਂ ਦਸੰਬਰ ਤੱਕ ਸੇਵਾ ਮੁਕਤੀ ਵਾਲਿਆਂ ਲਈ ਦੋ ਸਾਲਾ ਬਲਾਕ ਅਗਲੀ ਜਨਵਰੀ ਤੋਂ ਅਰੰਭ ਕਰ ਦਿੱਤਾ ਹੈ।
8. ਉਪਰੋਕਤ ਸੋਧ ਨਾਲ 12.7.2000 ਤੋਂ ਬਾਅਦ ਜਨਵਰੀ ਤੋਂ ਜੂਨ ਤੱਕ ਸੇਵਾ ਮੁਕਤੀ ਵਾਲਿਆਂ ਨੂੰ ਸਫਰੀ ਭੱਤਾ ਜੁਲਾਈ ਵਿੱਚ ਅਤੇ ਜੁਲਾਈ ਤੋਂ ਦਸੰਬਰ ਤੱਕ ਸੇਵਾ ਮੁਕਤੀ ਵਾਲਿਆਂ ਨੂੰ ਅਗਲੀ ਜਨਵਰੀ ਵਿੱਚ ਦੇਣ ਦੇ ਅਦੇਸ਼ ਹਨ।
9. ਪੰਜਾਬ ਸਰਕਾਰ ਦੇ ਪੱਤਰ ਨੰ. 1/4/2000/3 ਐਫ.ਪੀ.ਪੀ.ਸੀ./5507 ਮਿਤੀ 18.6.01 ਅਨੁਸਾਰ 12.7.2000 ਤੋਂ ਪਹਿਲਾਂ ਸੇਵਾ ਮੁਕਤੀ ਵਾਲਿਆਂ ਲਈ ਵੀ ਪੱਤਰ ਨੰ. 7599 ਮਿਤੀ 12.7.2000 ਦੀਆਂ ਸ਼ਰਤਾਂ ਅਨੁਸਾਰ ਸਫਰੀ ਭੱਤਾ ਦੇਣ ਦੀ ਸੋਧ ਕਰ ਦਿੱਤੀ ਹੈ। ਜਨਵਰੀ ਤੋਂ ਜੂਨ ਤੱਕ ਸੇਵਾ ਮੁਕਤੀ ਵਾਲਿਆਂ ਨੂੰ ਜੁਲਾਈ ਵਿੱਚ ਸਫਰੀ ਭੱਤਾ ਮਿਲਦਾ ਹੈ ਅਤੇ ਜੁਲਾਈ ਤੋਂ ਦਸੰਬਰ ਵਾਲਿਆਂ ਨੂੰ ਅਗਲੀ ਜਨਵਰੀ ਵਿੱਚ ਮਿਲਦਾ ਹੈ।
10. ਸਫਰੀ ਭੱਤਾ ਲੈਣ ਲਈ ਬੈਂਕ ਵਿੱਚ ਲਿਖਤੀ ਅਰਜੀ ਦੇਣੀ ਪੈਂਦੀ ਹੈ। ਜਿਸ ਵਿੱਚ ਨਿਮਨਲਿਖਤ ਅਨੁਸਾਰ ਸਰਟੀਫਿਕੇਟ ਦਰਜ ਹੋਵੇ।
    Certified that my husband/wife is not a Punjab Govt. Pensioner OR
    Certified that my husband/wife is a Punjab Govt. Pensioner holding PPO No......................of.........................Department.
    He/she has not claimed any Travel Concession for the block ending June/Dec....................
11. ਕਈ ਹਾਲਤਾਂ ਵਿੱਚ ਸਫਰੀ ਭੱਤੇ ਦੀ ਪਿਛਲੇ ਸਮੇਂ ਦੀ ਅਦਾਇਗੀ ਨਹੀਂ ਹੋਈ ਹੁੰਦੀ ਤਾਂ ਪੰਜਾਬ ਸਰਕਾਰ ਦੇ ਪੱਤਰ ਨੰ. 1/45/90/ਐਪ.ਪੀ.ਪੀ.ਸੀ./1818 ਮਿਤੀ 8.3.91 ਅਨੁਸਾਰ ਸਫਰੀ ਭੱਤਾ ਪੈਨਸ਼ਨ ਦੇ ਹੋਰ ਬਕਾਇਆ ਵਾਂਗ ਪ੍ਰਾਪਤ ਕੀਤਾ ਜਾ ਸਕਦਾ ਹੈ।
12. 1.1.04 ਤੋਂ ਬਾਅਦ ਸੇਵਾ ਮੁਕਤੀ ਵਾਲਿਆਂ ਦੇ PPO AG. ਪੰਜਾਬ ਵੱਲੋਂ ਬਣਾਈ ਕੁੱਲ ਮੁੱਢਲੀ ਪੈਨਸ਼ਨ ਵਿੱਚ ਮੁੱਢਲੀ ਪੈਨਸ਼ਨ + ਮਹਿੰਗਾਈ ਪੈਨਸ਼ਨ ਸ਼ਾਮਿਲ ਕਰਕੇ ਜਾਰੀ ਕੀਤੇ ਗਏ ਹਨ। ਉਨ੍ਹਾਂ ਨੂੰ ਸਫਰੀ ਭੱਤਾ ਦਿੰਦੇ ਸਮੇਂ ਪੱਤਰ ਨੰ. A.G. Punjab/Pension 1 Merger of 50% D.A/04/05/7014-15 ਮਿਤੀ 31.8.04, 13.9.04 ਅਨੁਸਾਰ ਕੁੱਲ ਮੁੱਢਲੀ ਪੈਨਸ਼ਨ ਦਾ 2/3 ਹਿੱਸਾ ਸਫਰੀ ਭੱਤਾ ਦਿੱਤਾ ਜਾਣਾ ਹੈ। ਭਾਵ ਕੁੱਲ ਮੁੱਢਲੀ ਪੈਨਸ਼ਨ ਵਿੱਚੋਂ 1/3 ਹਿੱਸਾ ਜੋ ਮਹਿੰਗਾਈ ਪੈਨਸ਼ਨ ਦਾ ਭਾਗ ਹੈ ਕੱਟ ਲਿਆ ਜਾਣਾ ਹੈ।
13. ਅੰਤਰਮ ਰਾਹਤ ਦੇ ਪੱਤਰ 6/1/95/ਐਫ.ਪੀ.ਆਈ./6574 ਮਿਤੀ 31.10.06 ਅਨੁਸਾਰ ਅੰਤਰਮ ਰਾਹਤ ਨੂੰ ਮੁੱਢਲੀ ਪੈਨਸ਼ਨ ਦਾ ਭਾਗ ਮੰਨਦੇ ਹੋਏ ਪੈਨਸ਼ਨ ਦੇ ਉੱਪਰ ਮਿਲਣ ਵਾਲੇ ਸਾਰੇ ਲਾਭਾਂ ਲਈ ਗਿਣਨ ਦਾ ਪ੍ਰਾਵਧਾਨ ਹੈ। ਪਰ ਪੰਜਾਬ ਸਰਕਾਰ ਨੇ ਪੱਤਰ ਨੰ. 3/19/2007/3 ਵਿਪਪ/2179 ਮਿਤੀ 14.3.08 ਰਾਹੀਂ ਅੰਤਰਮ ਰਾਹਤ ਨੂੰ ਸਫਰੀ ਭੱਤਾ ਦੇਣ ਸਮੇਂ ਗਿਨਣ ਦੇ ਲਾਭ ਨੂੰ ਵਾਪਸ ਲੈ ਲਿਆ ਹੈ।
14. ਹਰ ਦੋ ਸਾਲਾ ਬਲਾਕ ਬਾਅਦ ਮਿਲਣ ਵਾਲਾ ਸਫਰੀ ਭੱਤਾ ਇੰਨਕਮ ਟੈਕਸ ਕੱਢਣ ਲਈ ਆਮਦਨ ਵਿੱਚ ਸ਼ਾਮਲ ਨਹੀਂ ਕੀਤਾ ਜਾਣਾ ਕੇਵਲ ਇਕ ਸਰਟੀਫਿਕੇਟ "ਮੈਂ.............ਬਿਆਨ ਕਰਦਾ ਹਾਂ ਕਿ..................ਰੁ. ਦੀ ਰਕਮ ਜੋ ਸਫਰੀ ਭੱਤਾ ਬਲਾਕ ਸਾਲ..................ਲਈ ਜੁਲਾਈ/ਦਸੰਬਰ...........ਵਿੱਚ ਪ੍ਰਾਪਤ ਕੀਤੀ ਹੈ। ਉਹ ਉਸੇ ਉਦੇਸ਼ ਲਈ ਖਰਚ ਕਰ ਦਿੱਤੀ ਹੈ ਅਤੇ ਸਫਰੀ ਭੱਤੇ ਵਿੱਚੋਂ ਕੋਈ ਰਕਮ ਨਹੀਂ ਬਚਦੀ ।"
15. ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰ. 3/23/09-3ਐਫਪੀਪੀਸੀ/885 ਮਿਤੀ 17.8.09 ਦੇ ਪੈਰਾ-6 ਅਨੁਸਾਰ ਸਫ਼ਰੀ ਭੱਤਾ ਪਹਿਲੀਆਂ ਸ਼ਰਤਾਂ ਅਧੀਨ ਇਕ ਮਹੀਨੇ ਦੀ ਮੁਢਲੀ ਦੁਹਰਾਈ ਪੈਨਸ਼ਨਰ ਬਰਾਬਰ ਮਿਲਣਯੋਗ ਹੈ। ਪੱਤਰ ਅਨੁਸਾਰ ਨਵੀਂ ਦੁਹਰਾਈ ਪੈਨਸ਼ਨ ਬਰਾਬਰ ਸਫ਼ਰੀ ਭੱਤਾ ਕਿਸ ਮਿਤੀ ਤੋਂ ਮਿਲਣਯੋਗ ਹੈ, ਸਪੱਸ਼ਟ ਨਹੀਂ, ਕਿਉਂਕਿ ਸਫ਼ਰੀ ਭੱਤਾ ਮੁਢਲੀ ਪੈਨਸ਼ਨ ਅਨੁਸਾਰ ਮਿਲਦਾ ਹੈ। ਇਸ ਲਈ ਨਵੀਂ ਦੁਹਰਾਈ ਪੈਨਸ਼ਨ 1.1.06 ਤੋਂ ਲਾਗੂ ਹੈ ਅਤੇ ਸਫ਼ਰੀ ਭੱਤਾ ਵੀ ਨਵੀਂ ਦੁਹਰਾਈ ਪੈਨਸ਼ਨ ਅਨੁਸਾਰ ਹੀ ਮਿਲਣਯੋਗ ਹੈ।
16. ਪੰਜਾਬ ਸਰਕਾਰ ਨੰ. ਪੱਤਰ ਨੰ. 1/4/2000-3 /1219 ਮਿਤੀ 19.10.11 ਅਨੁਸਾਰ ਪ੍ਰੀਵਾਰਕ ਪੈਨਸ਼ਨਰਾਂ ਨੂੰ ਹਰ ਦੋ ਸਾਲਾ ਬਲਾਕ ਅਨੁਸਾਰ ਇੱਕ ਮੁੱਢਲੀ ਪ੍ਰੀਵਾਰਕ ਪੈਨਸ਼ਨ ਦੇ ਬਰਾਬਰ ਸਫਰੀ ਭੱਤਾ ਦੇਣ ਦਾ ਪੱਤਰ ਜਾਰੀ ਕਰ ਦਿੱਤਾ ਜਿਸ ਅਨੁਸਾਰ 1.1.10 ਤੋਂ ਪਹਿਲਾਂ ਬਣੇ ਪ੍ਰੀਵਾਰਕ ਪੈਨਸ਼ਨਰਾਂ ਨੂੰ ਜਨਵਰੀ 2012 ਤੋਂ ਮਿਲੇਗਾ ਅਤੇ ਅਗਲੇ ਬਲਾਕ ਜਨਵਰੀ 2014, ਜਨਵਰੀ 2016 ਆਦਿ ਚਲਦੇ ਰਹਿਣਗੇ। 1.1.10 ਤੋਂ ਬਾਅਦ ਬਣੇ ਪ੍ਰੀਵਾਰਕ ਪੈਨਸ਼ਨਰਾਂ ਨੂੰ ਸਫਰੀ ਭੱਤੇ ਲਈ ਬਲਾਕ ਮ੍ਰਿਤਕ ਪੈਨਸ਼ਨਰ ਦੇ ਬਲਾਕਾਂ ਅਨੁਸਾਰ ਬਣੇਗਾ।
17. ਹਰ ਪ੍ਰੀਵਾਰਕ ਪੈਨਸ਼ਨਰ ਨੂੰ ਸਫਰੀ ਭੱਤੇ ਲਈ ਆਪਸ਼ਨ ਦੇਣੀ ਲਾਜ਼ਮੀ ਹੋਵੇਗੀ ਕਿ ਉਹ ਸਫਰੀ ਭੱਤਾ ਬਤੌਰ ਕਰਮਚਾਰੀ ਲਵੇਗਾ ਜਾਂ ਬਤੌਰ ਪਰਿਵਾਰਕ ਪੈਨਸ਼ਨਰ। ਪੰਜਾਬ ਸਰਕਾਰ ਦੇ ਪੱਤਰ ਨੰ. 1/4/2000/3 /769 ਮਿਤੀ 10.7.12 ਅਨੁਸਾਰ ਕਰਮਚਾਰੀ ਹੋਣ ਦੇ ਨਾਲ ਨਾਲ ਪ੍ਰੀਵਾਰਕ ਪੈਨਸ਼ਨਰ ਹੋਣ ਦੀ ਸੂਰਤ ਵਿੱਚ ਇਹ ਆਪਸ਼ਨ ਜਰੂਰੀ ਹੈ। ਇਕ ਵਾਰ ਦਿੱਤੀ ਆਪਸ਼ਨ ਦੁਬਾਰਾ ਬਦਲੀ ਨਹੀਂ ਜਾ ਸਕਦੀ। ਪੈਨਸ਼ਨਰ ਹੋਣ ਦੇ ਨਾਲ ਜੇ ਕੋਈ ਪ੍ਰੀਵਾਰਕ ਪੈਨਸ਼ਨਰ ਵੀ ਹੈ ਤਾਂ ਉਸਨੂੰ ਕੇਵਲ ਇਕ ਪੈਨਸ਼ਨ/ਪ੍ਰੀਵਾਰਕ ਪੈਨਸ਼ਨ ਜੋ ਵੱਧ ਹੋਵੇ ਸਫਰੀ ਭੱਤੇ ਵਜੋਂ ਮਿਲੇਗੀ।